# ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ)

ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਵਿਖੇ ਤੁਹਾਡਾ ਸੁਆਗਤ ਹੈ। ਜਦੋਂ ਵੀ ਅਤੇ ਜਿੱਥੇ ਵੀ ਇਹ ਤੁਹਾਡੇ ਲਈ ਆਸਾਨ ਹੋਵੇ, ਅਸੀਂ ਤੁਹਾਡਾ ਸਟਰੈਟਾ ਪ੍ਰਾਪਰਟੀ (ਕੰਡੋਮਿਨੀਅਮ) ਦਾ ਮਤਭੇਦ, ਔਨਲਾਈਨ ਹੱਲ ਕਰਨ ਵਿਚ ਤੁਹਾਡੀ ਮਦਦ ਕਰਾਂਗੇ।

ਸੋਲੂਸ਼ਨ ਐਕਸਪਲੋਰਰ ਨਾਲ ਸ਼ੁਰੂ ਕਰੋ। ਇਹ ਮਾਹਰਾਂ ਤੋ ਇਕੱਠੀ ਕੀਤੀ ਗਈ ਜਾਣਕਾਰੀ ਦੀ ਵਰਤੋਂ ਨਾਲ ਮਤਭੇਦਾਂ ਦਾ ਪਤਾ ਲਾਉਣ, ਇਨ੍ਹਾਂ ਨੂੰ ਕੰਟਰੋਲ ਕਰਨ ਅਤੇ ਹੱਲ ਕਰਨ ਲਈ ਇਕ ਔਨਲਾਈਨ ਸਾਧਨ ਹੈ। ਇਹ ਤੁਹਾਡਾ ਸਮਾਂ ਅਤੇ ਪੈਸੇ ਬਚਾ ਸਕਦਾ ਹੈ।

ਜੇ ਸੋਲੂਸ਼ਨ ਐਕਸਪਲੋਰਰ ਆਪਣਾ ਮਤਭੇਦ ਹੱਲ ਕਰਨ ਵਿਚ ਤੁਹਾਡੀ ਮਦਦ ਨਾ ਕਰੇ ਤਾਂ ਇਹ ਸਮਾਂ ਸੀ ਆਰ ਟੀ ਦੀ ਮਤਭੇਦ ਦੇ ਹੱਲ ਦੀ ਕਾਰਵਾਈ ਸ਼ੁਰੂ ਕਰਨ ਦਾ ਹੈ।

## ਸੀ ਆਰ ਟੀ ਇਸ ਤਰ੍ਹਾਂ ਕੰਮ ਕਰਦਾ ਹੈ:

### 1. ਸ਼ੁਰੂ ਕਰਨਾ

ਸਭ ਤੋਂ ਪਹਿਲਾਂ ਤਾਂ ਤੁਸੀਂ ਸੋਲੂਸ਼ਨ ਐਕਸਪਲੋਰਰ ਦੇ ਮੁਫਤ ਸਾਧਨਾਂ, ਵਸੀਲਿਆਂ ਅਤੇ ਕਾਨੂੰਨੀ ਜਾਣਕਾਰੀ ਦੀ ਵਰਤੋਂ ਕਰਨਾ ਚਾਹੋਗੇ। ਸੋਲੂਸ਼ਨ ਐਕਸਪਲੋਰਰ ਸਵਾਲਾਂ ਅਤੇ ਜਵਾਬਾਂ ਵਾਲਾ ਇਕ ਔਨਲਾਈਨ ਰਾਹ ਹੈ। ਆਪਣੇ ਮਤਭੇਦ ਨੂੰ ਕੰਟਰੋਲ ਕਰਨ ਜਾਂ ਇਸ ਦਾ ਹੱਲ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਕਾਨੂੰਨੀ ਜਾਣਕਾਰੀ ਅਤੇ ਵਸੀਲੇ ਦੇਣ ਲਈ ਇਹ ਮਾਹਰਾਂ ਦੇ ਗਿਆਨ ਦੀ ਵਰਤੋਂ ਕਰਦਾ ਹੈ।

### 2. ਸੀ ਆਰ ਟੀ ਕੋਲ ਮਤਭੇਦ ਦੇ ਹੱਲ ਲਈ ਅਪਲਾਈ ਕਰਨਾ

ਜੇ ਤੁਸੀਂ ਮਤਭੇਦ ਦੇ ਹੱਲ ਲਈ ਅਪਲਾਈ ਕਰਨ ਦਾ ਫੈਸਲਾ ਕਰਦੇ ਹੋ ਤਾਂ ਅਸੀਂ ਤੁਹਾਡੇ ਅਤੇ ਮਤਭੇਦ ਬਾਰੇ ਜਾਣਕਾਰੀ ਮੰਗਾਂਗੇ। ਤੁਸੀਂ ਫਿਰ ਇਕ ਫੀਸ ਦਿਉਗੇ {ਫੀਸਾਂ ਬਾਰੇ ਜਾਣਕਾਰੀ ਲਈ ਸਾਡਾ ਵੈੱਬਸਾਈਟ ਦੇਖੋ} ਅਤੇ ਅਸੀਂ ਸ਼ਾਮਲ ਹੋਰ ਲੋਕਾਂ ਨੂੰ ਸੂਚਿਤ ਕਰਾਂਗੇ। ਮਤਭੇਦ ਵਿਚ ਸ਼ਾਮਲ ਹੋਰ ਲੋਕਾਂ ਨੂੰ ਤੁਹਾਡੇ ਖਿਲਾਫ ਆਪਣਾ ਕਲੇਮ ਸ਼ੁਰੂ ਕਰਨ ਦਾ ਮੌਕਾ ਮਿਲੇਗਾ।

ਸ਼ੁਰੂ ਕਰਨ ਲਈ ਮੈਨੂੰ ਕੀ ਕਰਨ ਦੀ ਲੋੜ ਹੈ?

*ਆਪਣੇ ਬਾਰੇ ਅਤੇ ਆਪਣੇ ਮਤਭੇਦ ਬਾਰੇ ਸਾਨੂੰ ਦੱਸਣ ਲਈ ਤੁਸੀਂ ਇਕ ਅਰਜ਼ੀ ਫਾਰਮ ਭਰੋਗੇ। ਤੁਹਾਨੂੰ ਫੀਸ ਵੀ ਦੇਣੀ ਪਵੇਗੀ। ਜੇ ਤੁਸੀਂ ਫੀਸ ਨਾ ਦੇ ਸਕਦੇ ਹੋਵੋ ਤਾਂ ਸਾਡੇ ਨਾਲ ਗੱਲ ਕਰੋ। ਜੇ ਤੁਹਾਡੀ ਆਮਦਨ ਘੱਟ ਹੋਵੇ ਤਾਂ ਹੋ ਸਕਦਾ ਹੈ ਕਿ ਅਸੀਂ ਇਹ ਫੀਸ ਮੁਆਫ ਕਰ ਸਕੀਏ। ਅਸੀਂ ਤੁਹਾਨੂੰ ਇਕ ਨੋਟਿਸ ਪੈਕੇਜ ਭੇਜਾਂਗੇ ਜਿਹੜਾ ਤੁਹਾਨੂੰ ਆਪਣੇ ਮਤਭੇਦ ਵਿਚ ਸ਼ਾਮਲ ਹੋਰਨਾਂ ਕੋਲ ਪਹੁੰਚਾਉਣਾ ਪਵੇਗਾ।*

ਆਪਣੇ ਮਤਭੇਦ ਵਿਚਲੇ ਹੋਰ ਲੋਕਾਂ ਨੂੰ ਮੈਂ ਨੋਟਿਸ ਕਿਵੇਂ ਦੇਣਾ ਹੈ?

*ਨੋਟਿਸ ਦੇਣ ਲਈ ਅਸੀਂ ਤੁਹਾਨੂੰ ਕੁਝ ਚੋਣਾਂ ਦੇਵਾਂਗੇ। ਜੇ ਤੁਸੀਂ ਚਾਹੋ ਤਾਂ ਤੁਸੀਂ ਈਮੇਲ ਕਰਕੇ ਵੀ ਦੇਖ ਸਕਦੇ ਹੋ। ਜੇ ਇਹ ਕੰਮ ਨਾ ਕਰੇ ਤਾਂ ਅਸੀਂ ਤੁਹਾਨੂੰ ਅਜਿਹਾ ਕਰਨ ਦੇ ਹੋਰ ਤਰੀਕਿਆਂ ਬਾਰੇ ਦੱਸਾਂਗੇ, ਜਿਵੇਂ ਕਿ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜਣਾ ਜਾਂ ਦੂਜੀ ਧਿਰ ਨੂੰ ਨਿੱਜੀ ਤੌਰ 'ਤੇ ਨੋਟਿਸ ਦੇਣਾ।*

### ਜੇ ਉਹ ਜਵਾਬ ਨਾ ਦੇਣ ਤਾਂ ਕੀ ਹੁੰਦਾ ਹੈ?

*ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਉਨ੍ਹਾਂ ਨੂੰ ਨੋਟਿਸ ਦੇਣ ਲਈ ਹਿਦਾਇਤਾਂ ਦੀ ਪਾਲਣਾ ਕੀਤੀ ਹੈ। ਜੇ ਸੀ ਆਰ ਟੀ ਸਹਿਮਤ ਹੋਵੇ ਕਿ ਤੁਸੀਂ ਸਹੀ ਤਰ੍ਹਾਂ ਨੋਟਿਸ ਦਿੱਤਾ ਹੈ ਤਾਂ ਸੀ ਆਰ ਟੀ ਦਾ ਇਕ ਮੈਂਬਰ ਡਿਫਾਲਟ ਆਰਡਰ ਦੇਵੇਗਾ ਜਿਸ ਵਿਚ ਕਲੇਮ ਦਾ ਫੈਸਲਾ ਤੁਹਾਡੇ ਹੱਕ ਵਿਚ ਕੀਤਾ ਹੋਵੇਗਾ।*

### ਜਿਹੜੇ ਲੋਕ ਕੰਪਿਊਟਰ, ਟੈਬਲਿਟਸ ਜਾਂ ਸਮਾਰਟਫੋਨ ਨਹੀਂ ਵਰਤਦੇ ਉਹ ਕੀ ਕਰਨ?

*ਸੀ ਆਰ ਟੀ ਦੀ ਵਰਤੋਂ ਕਰਨ ਦਾ ਸਭ ਤੋਂ ਬਿਹਤਰ ਤਰੀਕਾ ਔਨਲਾਈਨ ਹੈ। ਅਸੀਂ ਤੁਹਾਡੀ ਕਦਮ-ਦਰ-ਕਦਮ ਮਦਦ ਕਰਾਂਗੇ। ਜੇ ਤੁਸੀਂ ਇਹ ਇਕੱਲੇ ਨਹੀਂ ਕਰਨਾ ਚਾਹੁੰਦੇ ਤਾਂ ਤੁਸੀਂ ਕਿਸੇ ਭਰੋਸੇਯੋਗ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਇਸ ਵਿਚ ਆਪਣੀ ਮਦਦ ਕਰਨ ਲਈ ਕਹਿ ਸਕਦੇ ਹੋ। ਜੇ ਤੁਹਾਨੂੰ ਅਜੇ ਵੀ ਔਨਲਾਈਨ ਜਾਣ 'ਤੇ ਮੁਸ਼ਕਲ ਆ ਰਹੀ ਹੈ ਤਾਂ ਫਿਕਰ ਨਾ ਕਰੋ। ਅਸੀਂ ਡਾਕ ਅਤੇ ਟੈਲੀਫੋਨ ਰਾਹੀਂ ਵੀ ਤੁਹਾਡੀ ਮਦਦ ਕਰ ਸਕਦੇ ਹਾਂ।*

### ਕੀ ਮੈਨੂੰ ਆਪਣਾ ਕਲੇਮ ਖਾਸ ਸਮੇਂ ਦੇ ਵਿਚ ਵਿਚ ਸ਼ੁਰੂ ਕਰਨ ਦੀ ਲੋੜ ਹੈ?

*ਜੇ ਤੁਹਾਡਾ ਕੋਈ ਕਾਨੂੰਨੀ ਕਲੇਮ ਹੈ ਜਿਹੜਾ ਅਦਾਲਤ ਜਾਂ ਟ੍ਰਿਬਿਊਨਲ ਨੂੰ ਜਾ ਸਕਦਾ ਹੈ ਤਾਂ ਕੇਸ ਤਕਰੀਬਨ ਹਮੇਸ਼ਾਂ ਹੀ ਇਕ ਨਿਸ਼ਚਿਤ ਸਮੇਂ ਵਿਚ ਸ਼ੁਰੂ ਕਰਨਾ ਜ਼ਰੂਰੀ ਹੁੰਦਾ ਹੈ। ਇਹ ਸਮਾਂ ਲੰਘ ਜਾਣ 'ਤੇ, ਅਦਾਲਤ ਜਾਂ ਟ੍ਰਿਬਿਊਨਲ ਤੁਹਾਡਾ ਕੇਸ ਸੁਣਨ ਤੋਂ ਨਾਂਹ ਕਰ ਸਕਦੇ ਹਨ, ਭਾਵੇਂ ਤੁਹਾਡਾ ਕੇਸ ਕਿੰਨਾ ਵੀ ਮਜ਼ਬੂਤ ਹੋਵੇ।*

*ਸਮੇਂ ਦੀ ਹੱਦ ਨੂੰ **ਲਿਮੀਟੇਸ਼ਨ ਪੀਰੀਅਡ** ਆਖਿਆ ਜਾਂਦਾ ਹੈ। ਇਹ ਉਲਟੀ ਗਿਣਤੀ ਵਾਂਗ ਹੈ ਜਿਹੜੀ ਸਿਰਫ ਉਦੋਂ ਹੀ ਰੁਕਦੀ ਹੈ ਜਦੋਂ ਕੇਸ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਜਾਂ ਅਦਾਲਤ ਵਿਚ ਸ਼ੁਰੂ ਹੋ ਜਾਂਦਾ ਹੈ। ਸਮੇਂ ਦੀਆਂ ਹੱਦਾਂ ਬਾਰੇ www.civilresolutionbc.ca 'ਤੇ ਕੁਝ ਹੋਰ ਜਾਣਕਾਰੀ ਵੀ ਮਿਲ ਸਕਦੀ ਹੈ।*

## 3. ਸਮਝੌਤੇ ਲਈ ਗੱਲਬਾਤ

ਜਦੋਂ ਤੁਹਾਡਾ ਕੇਸ ਸ਼ੁਰੂ ਹੁੰਦਾ ਹੈ ਤਾਂ ਤੁਹਾਨੂੰ ਸਮਝੌਤੇ ਲਈ ਗੱਲਬਾਤ ਕਰਨ ਦੀ ਕੋਸ਼ਿਸ਼ ਵੱਲ ਲਿਜਾਇਆ ਜਾਵੇਗਾ। ਹੋ ਸਕਦਾ ਹੈ ਕਿ ਤੁਸੀਂ ਇਸ ਬਾਰੇ ਸਿਰਫ ਗੱਲਬਾਤ ਕਰਕੇ ਹੀ ਕਿਸੇ ਐਗਰੀਮੈਂਟ 'ਤੇ ਪਹੁੰਚ ਕੇ ਮਤਭੇਦ ਦਾ ਹੱਲ ਕਰਨ ਦੇ ਯੋਗ ਹੋ ਜਾਵੋ।

### ਸਮਝੌਤੇ ਲਈ ਗੱਲਬਾਤ (ਨਿਗੋਸ਼ੀਏਸ਼ਨ) ਕੀ ਹੈ?

*ਅਸੀਂ ਇਹ ਜਾਣਦੇ ਹਾਂ ਕਿ ਬਹੁਤ ਸਾਰੇ ਲੋਕ ਆਪਣੇ ਮਤਭੇਦਾਂ ਦੇ ਹੱਲ ਇਸ ਬਾਰੇ ਇਕ ਦੂਜੇ ਨਾਲ ਗੱਲ ਕਰਕੇ ਕਰ ਸਕਦੇ ਹਨ। ਔਨਲਾਈਨ ਜਾਂ ਫੋਨ 'ਤੇ ਇਕ ਦੂਜੇ ਨਾਲ ਗੱਲਬਾਤ ਕਰਨ ਲਈ ਅਸੀਂ ਤੁਹਾਨੂੰ ਤਰੀਕਾ ਪ੍ਰਦਾਨ ਕਰਾਂਗੇ। ਇਹ ਕਾਰਜ ਬਹੁਤ ਤੇਜ਼ੀ ਨਾਲ ਹੋ ਸਕਦਾ ਹੈ। ਜੇ ਵੱਡੀਆਂ ਸਮੱਸਿਆਵਾਂ ਅੱਗੇ ਆਉਣ ਤਾਂ ਅਸੀਂ ਮਦਦ ਕਰਨ ਲਈ ਮੌਜੂਦ ਹੋਵਾਂਗੇ।*

### ਸਮਝੌਤੇ ਲਈ ਗੱਲਬਾਤ ਵਿਚ ਜੇ ਕੋਈ ਅਪਮਾਨ ਕਰੇ ਤਾਂ ਕੀ ਹੁੰਦਾ ਹੈ?

*ਅਸੀਂ ਜਾਣਦੇ ਹਾਂ ਕਿ ਕੋਈ ਮਤਭੇਦ ਹੋਣਾ ਅਪਸੈੱਟ ਕਰਨ ਵਾਲਾ ਹੋ ਸਕਦਾ ਹੈ। ਇਸ ਕਰਕੇ ਹੀ ਇਹ ਜ਼ਰੂਰੀ ਹੈ ਕਿ ਲੋਕ ਆਦਰ ਵਾਲੇ ਤਰੀਕੇ ਨਾਲ ਗੱਲਬਾਤ ਕਰਨ। ਸਟਾਫ, ਮੈਂਬਰਾਂ ਜਾਂ ਮਤਭੇਦ ਵਿਚਲੇ ਦੂਜੇ ਲੋਕਾਂ ਦਾ ਅਪਮਾਨ ਕਰਨਾ ਠੀਕ ਨਹੀਂ ਹੈ। ਸਮਝੌਤੇ ਲਈ ਗੱਲਬਾਤ ਦੌਰਾਨ ਅਪਮਾਨਜਨਕ ਵਤੀਰੇ ਦੀ ਰਿਪੋਰਟ ਕਰਨ ਲਈ ਅਸੀਂ ਇਕ ਤਰੀਕਾ ਪ੍ਰਦਾਨ ਕਰਾਂਗੇ। ਜੇ ਅਜਿਹਾ ਹੁੰਦਾ ਹੈ ਤਾਂ ਗੱਲਬਾਤ ਬੰਦ ਹੋ ਜਾਵੇਗੀ ਅਤੇ ਅਸੀਂ ਮਦਦ ਕਰਨ ਲਈ ਆਵਾਂਗੇ।*

## 4. ਮਦਦ

ਗੱਲਬਾਤ ਤੋਂ ਬਾਅਦ, ਫਾਸਿਲੀਟੇਟਰ ਤੁਹਾਡੀ ਅਤੇ ਹੋਰਨਾਂ ਦੀ ਉਸ ਹੱਲ 'ਤੇ ਪਹੁੰਚਣ ਵਿਚ ਮਦਦ ਕਰਨ ਦੀ ਕੋਸ਼ਿਸ਼ ਕਰੇਗਾ ਜਿਸ ਨਾਲ ਹਰ ਕੋਈ ਸਹਿਮਤ ਹੋਵੇ। ਐਗਰੀਮੈਂਟਾਂ ਨੂੰ ਆਰਡਰਾਂ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਨ੍ਹਾਂ ਆਰਡਰਾਂ ਨੂੰ ਕੋਰਟ ਦੇ ਆਰਡਰਾਂ ਵਾਂਗ ਲਾਗੂ ਕੀਤਾ ਜਾ ਸਕਦਾ ਹੈ।

### ਮਦਦ (ਫਾਸਿਲੀਟੇਸ਼ਨ) ਕਿਵੇਂ ਕੰਮ ਕਰਦੀ ਹੈ?

*ਮਦਦ (ਫਾਸਿਲੀਟੇਸ਼ਨ) ਸੀ ਆਰ ਟੀ ਨਾਲ ਤੁਹਾਡੇ ਕੇਸ ਦੇ ਪ੍ਰਬੰਧ ਵਿਚ ਤੁਹਾਡੀ ਮਦਦ ਕਰਨਾ ਹੈ। ਇਸ ਦਾ ਬਹੁਤਾ ਹਿੱਸਾ ਅਜਿਹਾ ਹੱਲ ਜਾਂ ਐਗਰੀਮੈਂਟ ਲੱਭਣ ਦੀ ਕੋਸ਼ਿਸ਼ ਕਰਨ ਬਾਰੇ ਹੋਵੇਗਾ ਜਿਸ ਨੂੰ ਹਰ ਕੋਈ ਮੰਨ ਸਕਦਾ ਹੋਵੇ। ਸਾਡੇ ਫਾਸਿਲੀਟੇਟਰ ਮਤਭੇਦਾਂ ਦੇ ਹੱਲ ਕਰਨ ਵਿਚ ਮਾਹਰ ਹਨ ਜੋ ਕਿ ਇਸ ਕਾਰਜ ਵਿਚ ਹਰ ਇਕ ਦੀ ਮਦਦ ਕਰਨਗੇ। ਉਹ ਨਿਰਪੱਖ ਵੀ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਉਹ ਕਿਸੇ ਦਾ ਪੱਖ ਨਹੀਂ ਲੈਣਗੇ, ਪਰ ਉਹ ਤੁਹਾਨੂੰ ਤੁਹਾਡੇ ਕੇਸ ਬਾਰੇ ਆਪਣੇ ਵਿਚਾਰ ਦੇ ਸਕਦੇ ਹਨ।*

### ਜੇ ਅਸੀਂ ਆਪਣਾ ਮਤਭੇਦ ਮਦਦ (ਫਾਸਿਲੀਟੇਸ਼ਨ) ਵਿਚ ਹੱਲ ਨਾ ਕਰ ਸਕਦੇ ਹੋਈਏ ਤਾਂ ਕੀ ਹੋਵੇਗਾ?

*ਜੇ ਤੁਸੀਂ ਕਿਸੇ ਹੱਲ 'ਤੇ ਸਹਿਮਤ ਨਾ ਹੋ ਸਕੋ ਤਾਂ ਫਾਸਿਲੀਟੇਟਰ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਲਈ ਤਿਆਰ ਹੋਣ ਵਿਚ ਹਰ ਇਕ ਦੀ ਮਦਦ ਕਰੇਗਾ। ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਵਿਚ, ਸੀ ਆਰ ਟੀ ਟ੍ਰਿਬਿਊਨਲ ਦਾ ਇਕ ਮੈਂਬਰ ਸਬੂਤਾਂ ਅਤੇ ਦੋਨਾਂ ਧਿਰਾਂ ਵਲੋਂ ਦਿੱਤੇ ਗਏ ਬਿਆਨਾਂ ਨੂੰ ਦੇਖੇਗਾ ਅਤੇ ਫਿਰ ਮਤਭੇਦ ਦੇ ਨਤੀਜੇ ਬਾਰੇ ਫੈਸਲਾ ਕਰੇਗਾ। ਤੁਸੀਂ ਇਹ ਜਾਣੋਗੇ ਕਿ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਕਿਵੇਂ ਕੰਮ ਕਰਦੀ ਹੈ। ਤੁਹਾਨੂੰ ਉਸ ਕੰਮ ਬਾਰੇ ਵੀ ਦੱਸਿਆ ਜਾਵੇਗਾ ਜਿਹੜਾ ਤੁਹਾਨੂੰ ਤਿਆਰ ਹੋਣ ਲਈ ਕਰਨ ਦੀ ਲੋੜ ਹੋਵੇਗੀ।*

### ਕੇਸ ਵਾਪਸ ਲੈਣਾ ਕੀ ਹੈ?

*ਜੇ ਤੁਸੀਂ ਮਤਭੇਦ ਦੇ ਹੱਲ ਲਈ ਸੀ ਆਰ ਟੀ ਨਾਲ ਕਾਰਵਾਈ ਸ਼ੁਰੂ ਕੀਤੀ ਹੋਵੇ ਪਰ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਤੋਂ ਪਹਿਲਾਂ ਆਪਣਾ ਕਲੇਮ ਛੱਡ ਦੇਣ ਦਾ ਫੈਸਲਾ ਕਰੋ ਤਾਂ ਤੁਹਾਨੂੰ ਅਤੇ ਹੋਰ ਅਰਜ਼ੀ ਕਰਤਾਵਾਂ ਨੂੰ ਕੇਸ ਵਾਪਸ ਲੈਣ (ਵਿਦਡਰਾਅਲ) ਲਈ ਕਹਿਣ ਦੀ ਲੋੜ ਹੈ। ਕੇਸ ਵਾਪਸ ਲੈਣ ਨੂੰ ਕਿਸੇ ਹੱਲ ਵਜੋਂ ਨਹੀਂ ਗਿਣਿਆ ਜਾਂਦਾ। ਤੁਸੀਂ ਕੇਸ ਵਾਪਸ ਸਿਰਫ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।*

### ਖਾਰਜ ਕਰਨਾ (ਡਿਸਮਿਸਲ) ਕੀ ਹੈ?

*ਜੇ ਸੀ ਆਰ ਟੀ ਨਾਲ ਤੁਹਾਡੀ ਮਤਭੇਦ ਦੇ ਹੱਲ ਦੀ ਕਾਰਵਾਈ ਚੱਲ ਰਹੀ ਹੈ ਪਰ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਕੋਈ ਐਗਰੀਮੈਂਟ ਜਾਂ ਫੈਸਲੇ ਕੀਤੇ ਜਾਣ ਤੋਂ ਬਿਨਾਂ ਹੀ ਮਤਭੇਦ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਤੁਹਾਨੂੰ ਆਪਣੇ ਮਤਭੇਦ ਵਿਚਲੇ ਸਾਰੇ ਲੋਕਾਂ ਦੀ ਸਹਿਮਤੀ ਲੈਣ ਦੀ ਲੋੜ ਹੈ। ਖਾਰਜ ਕਰਨ (ਡਿਸਮਿਸਲ) ਨੂੰ ਮਤਭੇਦ ਦੇ ਅੰਤਿਮ ਹੱਲ ਵਜੋਂ ਗਿਣਿਆ ਜਾਂਦਾ ਹੈ। ਤੁਸੀਂ ਕੇਸ ਖਾਰਜ ਕਰਨ ਲਈ ਸਿਰਫ ਸੀ ਆਰ ਟੀ ਵਲੋਂ ਫੈਸਲੇ ਕੀਤੇ ਜਾਣ ਤੋਂ ਪਹਿਲਾਂ ਹੀ ਕਹਿ ਸਕਦੇ ਹੋ। ਕੁਝ ਕੇਸਾਂ ਵਿਚ, ਜਿਵੇਂ ਕਿ ਜੇ ਇਕ ਧਿਰ ਕਾਰਵਾਈ ਦੀ ਦੁਰਵਰਤੋਂ ਕਰ ਰਹੀ ਹੋਵੇ ਜਾਂ ਹਿੱਸਾ ਨਾ ਲੈ ਰਹੀ ਹੋਵੇ ਤਾਂ ਫਾਸਿਲੀਟੇਟਰ ਮਾਮਲਾ ਟ੍ਰਿਬਿਊਨਲ ਦੇ ਮੈਂਬਰ ਨੂੰ ਭੇਜ ਸਕਦਾ ਹੈ ਅਤੇ ਇਕ ਚੋਣ ਕੇਸ ਨੂੰ ਖਾਰਜ ਕਰਨਾ ਜਾਂ ਉਸ ਧਿਰ ਤੋਂ ਬਿਨਾਂ ਹੀ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਸ਼ੁਰੂ ਕਰਨਾ ਹੋ ਸਕਦੀ ਹੈ।*

## 5. ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ

ਜੇ ਤੁਸੀਂ ਕਿਸੇ ਐਗਰੀਮੈਂਟ 'ਤੇ ਨਾ ਪਹੁੰਚ ਸਕੋ ਤਾਂ ਇਕ ਨਿਰਪੱਖ ਸੀ ਆਰ ਟੀ ਮੈਂਬਰ, ਹਰ ਧਿਰ ਵਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਤੁਹਾਡੇ ਮਤਭੇਦਾਂ ਦੇ ਨਤੀਜੇ ਦਾ ਫੈਸਲਾ ਕਰੇਗਾ। ਇਸ ਫੈਸਲੇ ਨੂੰ ਵੀ ਅਦਾਲਤ ਦੇ ਆਰਡਰ ਵਾਂਗ ਹੀ ਲਾਗੂ ਕੀਤਾ ਜਾ ਸਕਦਾ ਹੈ।

ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਕੀ ਹੈ?

*ਜੇ ਤੁਸੀਂ ਆਪਣੇ ਮਤਭੇਦ ਦਾ ਹੱਲ ਐਗਰੀਮੈਂਟ ਨਾਲ ਨਾ ਕਰ ਸਕਦੇ ਹੋਵੋ ਤਾਂ ਇਹ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਲਈ ਜਾਂਦਾ ਹੈ। ਇਹ ਕਾਰਵਾਈ* ***ਐਡਵਰਸਰੀਅਲ*** *ਹੁੰਦੀ ਹੈ। ਇਸ ਦਾ ਮਤਲਬ ਹੈ ਕਿ ਤੁਹਾਡੇ ਮਤਭੇਦ ਬਾਰੇ ਟ੍ਰਿਬਿਊਨਲ ਦਾ ਇਕ ਮੈਂਬਰ ਕਾਨੂੰਨੀ ਤੌਰ 'ਤੇ ਲਾਗੂ ਹੋਣ ਵਾਲਾ ਫੈਸਲਾ ਕਰੇਗਾ। ਟ੍ਰਿਬਿਊਨਲ ਦਾ ਮੈਂਬਰ ਇਹ ਆਰਡਰ ਵੀ ਕਰ ਸਕਦਾ ਹੈ ਕਿ ਮਤਭੇਦ ਵਿਚਲੇ ਹਿੱਸੇਦਾਰ ਪੈਸੇ ਦੇਣ ਜਾਂ ਖਾਸ ਚੀਜ਼ਾਂ ਕਰਨ।*

ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਕਿਵੇਂ ਕੰਮ ਕਰਦੀ ਹੈ?

*ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਵਿਚ, ਟ੍ਰਿਬਿਊਨਲ ਦਾ ਇਕ ਮੈਂਬਰ ਹਰ ਧਿਰ ਦੀਆਂ ਦਲੀਲਾਂ ਅਤੇ ਸਬੂਤਾਂ 'ਤੇ ਵਿਚਾਰ ਕਰਦਾ ਹੈ। ਇਹ ਆਮ ਤੌਰ 'ਤੇ ਲਿਖਤੀ ਰੂਪ ਵਿਚ ਕੀਤਾ ਜਾਂਦਾ ਹੈ। ਕਦੇ ਕਦੇ ਟੈਲੀਫੋਨ ਜਾਂ ਵੀਡਿਓ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਟ੍ਰਿਬਿਊਨਲ ਦਾ ਮੈਂਬਰ ਸਬੂਤਾਂ 'ਤੇ ਕਾਨੂੰਨ ਲਾਗੂ ਕਰੇਗਾ ਅਤੇ ਇਹ ਫੈਸਲਾ ਕਰੇਗਾ ਕਿ ਮਤਭੇਦ ਦਾ ਹੱਲ ਕਿਵੇਂ ਕਰਨਾ ਹੈ। ਇਹ ਫੈਸਲਾ ਅਦਾਲਤ ਦੇ ਆਰਡਰ ਵਾਂਗ ਹੀ ਲਾਜ਼ਮੀ ਅਤੇ ਲਾਗੂ ਹੋਣ ਯੋਗ ਹੁੰਦਾ ਹੈ।*

ਕੀ ਮੈਂ ਵਕੀਲ ਵਰਤ ਸਕਦਾ/ਸਕਦੀ ਹਾਂ?

*ਇਹ ਮਹੱਤਵਪੂਰਨ ਹੈ ਕਿ ਤੁਸੀਂ ਮਤਭੇਦ ਵਿਚ ਆਪਣੇ ਲਈ ਆਪ ਬੋਲੋ। ਜਿੰਨਾ ਚਿਰ ਸਿਰਫ ਤੁਸੀਂ ਹੀ ਸੀ ਆਰ ਟੀ ਨਾਲ ਗੱਲ ਕਰਦੇ ਹੋ, ਸਮਝੌਤੇ ਲਈ ਗੱਲਬਾਤ, ਮਦਦ, ਅਤੇ ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਵਿਚ ਆਪਣੀ ਮਦਦ ਲਈ ਤੁਹਾਡੇ ਵਲੋਂ ਕਿਸੇ ਵਕੀਲ ਜਾਂ ਭਰੋਸੇਯੋਗ ਦੋਸਤ ਜਾਂ ਪਰਿਵਾਰ ਦੇ ਮੈਂਬਰ ਦੀ ਵਰਤੋਂ ਕਰਨ ਦਾ ਸੁਆਗਤ ਹੈ।*

*ਜੇ ਤੁਸੀਂ ਨਾਬਾਲਗ ਹੋਵੋ ਜਾਂ ਦਿਮਾਗੀ ਸਮਰੱਥਾ ਵਿਚ ਵਿਗਾੜ ਹੋਵੇ ਤਾਂ ਆਪਣੀ ਨੁਮਾਇੰਦਗੀ ਲਈ ਕਿਸੇ ਵਕੀਲ ਦੀ ਵਰਤੋਂ ਕਰਨ ਦਾ ਵੀ ਤੁਹਾਡਾ ਸੁਆਗਤ ਹੈ। ਜੇ ਤੁਸੀਂ ਨਿੱਜੀ ਸੱਟ ਦੇ ਕਿਸੇ ਕਲੇਮ ਵਿਚ ਸ਼ਾਮਲ ਇਕ ਨਾਬਾਲਗ ਹੋਵੋ ਤਾਂ ਤੁਹਾਡੇ ਲਈ ਆਪਣੀ ਨੁਮਾਇੰਦਗੀ ਲਈ ਕਿਸੇ ਵਕੀਲ ਦੀ ਵਰਤੋਂ ਕਰਨਾ ਜ਼ਰੂਰੀ ਹੈ।*

*ਜੇ ਆਪਣੇ ਲਈ ਗੱਲਬਾਤ ਕਰਨ ਲਈ ਵਕੀਲ ਜਾਂ ਹੋਰ ਭਰੋਸੇਯੋਗ ਦੋਸਤ ਜਾਂ ਪਰਿਵਾਰ ਦਾ ਮੈਂਬਰ ਚਾਹੁਣ ਦੇ ਤੁਹਾਡੇ ਹੋਰ ਕਾਰਨ ਹੋਣ ਤਾਂ ਤੁਸੀਂ ਕਿਸੇ ਵੇਲੇ ਵੀ ਇਸ ਦੀ ਆਗਿਆ ਮੰਗ ਸਕਦੇ ਹੋ। ਸੀ ਆਰ ਟੀ ਤੁਹਾਡੀ ਬੇਨਤੀ 'ਤੇ ਵਿਚਾਰ ਕਰੇਗਾ।*

*ਸੀ ਆਰ ਟੀ ਦਾ ਕਾਰਜ ਲੋਕਾਂ ਨੂੰ ਆਪਣੇ ਮਤਭੇਦਾਂ ਦੇ ਹੱਲ ਵੱਖ ਵੱਖ ਸਮਿਆਂ 'ਤੇ, ਵੱਖ ਵੱਖ ਥਾਂਵਾਂ ਤੋਂ ਉਨ੍ਹਾਂ ਤਰੀਕਿਆਂ ਨਾਲ ਕਰਨ ਦਿੰਦਾ ਹੈ ਜਿਹੜੇ ਉਨ੍ਹਾਂ ਲਈ ਸਭ ਤੋਂ ਢੁਕਵੇਂ ਹੁੰਦੇ ਹਨ। ਹਰ ਇਕ ਨੂੰ ਚੀਜ਼ਾਂ ਕਰਨ ਲਈ ਸੀਮਤ ਸਮੇਂ ਨਾਲ ਇੱਕੋ ਥਾਂ 'ਤੇ ਆਉਣ ਦੀ ਲੋੜ ਨਹੀਂ ਪੈਂਦੀ। ਜੇ ਤੁਹਾਨੂੰ ਸੋਚਣ ਲਈ ਥੋੜ੍ਹੇ ਸਮੇਂ ਦੀ ਲੋੜ ਹੋਵੇ ਤਾਂ ਕਿਸੇ ਭਰੋਸੇਯੋਗ ਮਦਦਗਾਰ ਨਾਲ ਸਲਾਹ ਕਰੋ ਜਾਂ ਕਾਨੂੰਨੀ ਸਲਾਹ ਲਉ, ਅਸੀਂ ਤੁਹਾਨੂੰ ਅਜਿਹਾ ਕਰਨ ਲਈ ਉਤਸ਼ਾਹ ਦਿੰਦੇ ਹਾਂ।*

## 6. ਟ੍ਰਿਬਿਊਨਲ ਦੇ ਫੈਸਲੇ ਦੀ ਕਾਰਵਾਈ ਤੋਂ ਬਾਅਦ

*ਤੁਹਾਡੇ ਸੀ ਆਰ ਟੀ ਦੇ ਕਲੇਮ ਦੇ ਹੱਲ ਹੋ ਜਾਣ ਤੋਂ ਬਾਅਦ ਅਸੀਂ ਤੁਹਾਨੂੰ ਤੁਹਾਡੀਆਂ ਚੋਣਾਂ ਬਾਰੇ ਕੁਝ ਜਾਣਕਾਰੀ ਦਿਆਂਗੇ।*